# ਕੌਂਸਿਲ ਸੇਵਾਵਾਂ ਬਾਰੇ COVID-19 ਦੀ ਤਾਜ਼ਾ ਜਾਣਕਾਰੀ



## ਕੌਂਸਿਲ ਆਪਣੇ ਭਾਈਚਾਰੇ ਅਤੇ ਕਰਮਚਾਰੀਆਂ ਦੀ ਸਿਹਤ ਅਤੇ ਭਲਾਈ ਨੂੰ ਸਭ ਤੋਂ ਵੱਧ ਤਰਜੀਹ ਦਿੰਦੀ ਹੈ।

ਮੌਜੂਦਾ COVID-19 ਮਹਾਂਮਾਰੀ ਦੇ ਕਾਰਣ ਗਰੇਟਰ ਸ਼ੈਪਰਟਨ ਸਿਟੀ ਕੌਂਸਿਲ ਦੀਆਂ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ।

ਕੌਂਸਿਲ ਇਹ ਯਕੀਨੀ ਬਨਾਉਣਾ ਚਾਹੁੰਦੀ ਹੈ ਕਿ ਸੇਵਾਵਾਂ ਵਿੱਚ ਤਾਜ਼ਾ ਬਦਲਾਵਾਂ ਬਾਰੇ ਭਾਈਚਾਰਾ ਜਾਣੂ ਰਹੇ। ਇਹ ਰੋਜ਼ਾਨਾ ਬਦਲ ਸਕਦੀਆਂ ਹਨ, ਇੱਥੋਂ ਤੱਕ ਕਿ ਘੰਟਿਆਂ ਵਿੱਚ, ਇਸ ਲਈ ਤਾਜ਼ਾ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ ਵੈਬਸਾਈਟ ਜਾਂ ਸੋਸ਼ਲ ਮੀਡੀਆ ਉਪਰ ਜਾਓ।

### ਤਾਜ਼ਾ ਜਾਣਕਾਰੀ ਰੱਖੋ

ਜੇਕਰ ਤੁਹਾਡੇ ਕੋਲ ਈਮੇਲ ਹੈ, ਕੌਂਸਿਲ ਦੀ ਵੈਬਸਾਈਟ ਉਪਰ ਤੁਸੀਂ ਸਾਡੇ ਨਵੇਂ ਖਬਰਨਾਮੇ (ਈ-ਨਿਊਜ਼ਲੈਟਰ) ਲਈ ਨਾਮ ਲਿਖਵਾ ਸਕਦੇ ਹੋ। ਜੇਕਰ ਤੁਹਾਡੀ ਪਹੁੰਚ ਇੰਟਰਨੈਟ ਤੱਕ ਨਹੀਂ ਹੈ, ਅਸੀਂ ਜਾਣਕਾਰੀ ਨੂੰ ਦੂਸਰੇ ਤਰੀਕਿਆਂ ਰਾਹੀਂ ਵੰਡਾਂਗੇ।

### ਕੌਂਸਿਲ ਨਾਲ ਕਿਵੇਂ ਸੰਪਰਕ ਕਰਨਾ ਹੈ

ਗਾਹਕ ਸਵਾਗਤੀ ਸੇਵਾ/ਕਾਊਂਟਰ ਆਹਮੋ-ਸਾਹਮਣੇ ਦੀ ਸੇਵਾ ਲਈ ਬੰਦ ਹੈ, ਫਿਰ ਵੀ ਗਾਹਕ ਸੇਵਾ ਲਗਾਤਾਰ ਇਹਨਾਂ ਰਾਹੀਂ ਪ੍ਰਦਾਨ ਕੀਤੀ ਜਾ ਰਹੀ ਹੈ:

- ਸੋਮਵਾਰ ਤੋਂ ਸ਼ੁੱਕਰਵਾਰ 8:15 ਵਜੇ ਸਵੇਰ ਤੋਂ 5:00 ਵਜੇ ਸ਼ਾਮ ਤੱਕ **5832 9700** ਨੂੰ ਫੋਨ ਕਰਕੇ
- ਈਮੇਲ ਰਾਹੀਂ **council@shepparton.vic.gov.au**
- ਸਾਡੀ ਵੈਬਸਾਈਟ ਰਾਹੀਂ ਬੇਨਤੀ ਦਰਜ ਕਰਕੇ **www.greatershepparton.com.au/contact**